# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਬਠਿੰਡਾ

ਤੀਜ਼ੀ ਮੰਜ਼ਿਲ ਮਿਨੀ ਸਕੱਤਰੇਤ

deose.punjabeducation.gov.in

ਵੱਲ,

ਸਮੂਹ ਸਕੂਲ ਮੁਖੀ / ਪ੍ਰਿੰਸੀਪਲ,
ਸਰਕਾਰੀ / ਐਡਿਡ / ਪ੍ਰਾਈਵੇਟ ਸਕੂਲ,
ਜ਼ਿਲ੍ਹਾ ਬਠਿੰਡਾ।

ਮੀਮੋ ਨੰਬਰ: ਜਿਸਿਅ/ਸੈਸਿ/2026/ ਡੀ-1/4037 ਮਿਤੀ: 26.06.2026

**ਵਿਸ਼ਾ: ਮਿਤੀ 26/06/2026 ਨੂੰ ਨੈਸ਼ਨਲ ਡੀ-ਵਾਰਮਿੰਗ ਦਿਵਸ ਸਬੰਧੀ ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ ਅਤੇ ਨੋਡਲ ਅਫ਼ਸਰ ਨਿਯੁਕਤ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਿਵਲ ਸਰਜਨ ਦਫ਼ਤਰ, ਬਠਿੰਡਾ ਦੇ ਪੱਤਰ ਨੰਬਰ ਆਰ.ਬੀ.ਐਸ.ਕੇ/26/247-55 ਮਿਤੀ 24/06/2026 ਦੇ ਹਵਾਲੇ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਬਠਿੰਡਾ ਵਿੱਚ ਮਿਤੀ 10/08/2026 ਨੂੰ ਨੈਸ਼ਨਲ ਡੀ-ਵਾਰਮਿੰਗ ਦਿਵਸ (National De-worming Day) ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਮਿਤੀ 26/06/2026 ਨੂੰ ਸਵੇਰੇ 10:30 ਵਜੇ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹਾਲ, ਡੀ.ਸੀ. ਦਫ਼ਤਰ ਬਠਿੰਡਾ ਵਿਖੇ ਜ਼ਿਲ੍ਹਾ ਪੱਧਰੀ ਤਾਲਮੇਲ ਕਮੇਟੀ ਦੀ ਮੀਟਿੰਗ ਰੱਖੀ ਗਈ ਹੈ।

ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਪੱਧਰ 'ਤੇ ਇਸ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇੱਕ ਸੀਨੀਅਰ ਅਧਿਆਪਕ ਨੂੰ ਬਤੌਰ 'ਨੋਡਲ ਅਫ਼ਸਰ' (Nodal Officer) ਨਿਯੁਕਤ ਕਰਨ ਅਤੇ ਉਸਦਾ ਨਾਮ, ਮੋਬਾਈਲ ਨੰਬਰ ਅਤੇ ਈਮੇਲ ਆਈ.ਡੀ. ਤੁਰੰਤ ਇਸ ਦਫ਼ਤਰ ਦੇ ਨਾਲ-ਨਾਲ ਸਬੰਧਤ ਬਲਾਕ ਨੋਡਲ ਅਫ਼ਸਰ ਨੂੰ ਭੇਜਣਾ ਯਕੀਨੀ ਬਣਾਉਣ, ਤਾਂ ਜੋ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਤੇ ਅਗਲੇਰੀਆਂ ਹਦਾਇਤਾਂ ਨੂੰ ਸਮੇਂ ਸਿਰ ਲਾਗੂ ਕੀਤਾ ਜਾ ਸਕੇ।

**ਨੋਡਲ ਅਫ਼ਸਰ ਦੀ ਜਾਣਕਾਰੀ ਲਈ ਪ੍ਰੋਫਾਰਮਾ:**

| ਲੜੀ ਨੰ: | ਸਕੂਲ ਦਾ ਨਾਮ | ਨੋਡਲ ਅਫ਼ਸਰ ਦਾ ਨਾਮ | ਅਹੁਦਾ | ਮੋਬਾਈਲ ਨੰਬਰ | ਈਮੇਲ ਆਈ.ਡੀ. |
|---|---|---|---|---|---|
| | | | | | |

26/6/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਬਠਿੰਡਾ